## ਡਾਇਰੈਕਟਰ ਸਿੱਖਿਆ (Director Education)

ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵਿੱਚ ਡਾਇਰੈਕਟਰ ਸਿੱਖਿਆ ਪ੍ਰਬੰਧਕ ਹੋਵੇਗਾ। ਇਹ ਸਕੱਤਰ ਵਿਦਿਆ ਰਾਹੀਂ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਪਾਸ ਜਵਾਬਦੇਹ ਹੋਵੇਗਾ।

**ਯੋਗਤਾਵਾਂ:-**

ਡਾਇਰੈਕਟਰ ਸਿੱਖਿਆ ਲਈ ਨਿਮਨ ਲਿਖਿਤ ਅਨੁਸਾਰ ਯੋਗਤਾਵਾਂ ਨਿਰਧਾਰਿਤ ਹੋਣਗੀਆਂ:

ੳ. ਘੱਟੋ-ਘੱਟ ਵਿਦਿਅਕ ਯੋਗਤਾ ਕਿਸੇ ਵੀ ਡਿਸਿਪਲਿਨ ਵਿਚ ਪੀ.ਐਚ.ਡੀ. ਹੋਵੇਗੀ ਅਤੇ ਇਸ ਅਸਾਮੀ ਲਈ ਘੱਟੋ-ਘੱਟ 25 ਸਾਲ ਦਾ ਕਿਸੇ ਵੀ ਉਚੇਰੀ ਵਿਦਿਅਕ ਸੰਸਥਾ ਵਿਚ ਪੜ੍ਹਾਉਣ/ ਪ੍ਰਸ਼ਾਸਕੀ ਤਜਰਬਾ ਹੋਣਾ ਲਾਜ਼ਮੀ ਹੋਵੇਗਾ। ਇਸ ਵਿਚ ਘੱਟੋ-ਘੱਟ 5 ਸਾਲ ਬਤੌਰ ਪ੍ਰਿੰਸੀਪਲ ਕਾਲਜ਼ ਹੋਣਾ ਲਾਜ਼ਮੀ ਹੋਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਲਜਾਂ ਵਿਚ ਕੰਮ ਕਰਨ ਵਾਲੇ ਪ੍ਰਿੰਸੀਪਲ ਸਾਹਿਬਾਨ ਨੂੰ ਪਹਿਲ ਦਿੱਤੀ ਜਾਵੇਗੀ।

ਅ. ਅਕਾਦਮਿਕ ਰੀਕਾਰਡ ਉੱਚ-ਪੱਧਰੀ ਪ੍ਰਾਪਤੀਆਂ ਵਾਲਾ ਹੋਣਾ ਚਾਹੀਦਾ ਹੈ।

ੲ. ਸਬੰਧਿਤ ਪਾਸ ਮਿਆਰੀ ਪਬਲੀਕੇਸ਼ਨ, ਸਹਿ-ਵਿੱਦਿਅਕ ਪ੍ਰਾਪਤੀਆਂ ਅਤੇ ਹੋਰ ਤਜ਼ਰਬੇ ਨੂੰ ਵੀ ਚੋਣ ਸਮੇਂ ਵਿਚਾਰਿਆ ਜਾਵੇਗਾ।

ਸ. ਅਸਾਮੀ ਲਈ ਉਹ ਸਿੱਖ ਵਿਦਿਅਕ ਮਾਹਿਰ ਹੀ ਯੋਗ ਸਮਝਿਆ ਜਾਵੇਗਾ ਜੋ ਸਿੱਖੀ ਸਿਧਾਂਤਾਂ, ਦਸ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਅਸੂਲਾਂ ਵਿੱਚ ਵਿਸ਼ਵਾਸ ਰੱਖਣ ਵਾਲਾ ਹੋਵੇ।

ਹ. ਅਸਾਮੀ ਦੀ ਨਿਯੁਕਤੀ ਵੇਲੇ ਉਮੀਦਵਾਰ ਦੀ ਉਮਰ ਘੱਟੋ-ਘੱਟ 50 ਸਾਲ ਹੋਣੀ ਚਾਹੀਦੀ ਹੈ।

ਕ. ਸੇਵਾ ਕਾਲ ਉਮਰ ਵੱਧ ਤੋਂ ਵੱਧ 60 ਸਾਲ ਹੋਵੇਗੀ।

**ਚੋਣ:-**

ੳ. ਇਸ ਅਸਾਮੀ ਲਈ ਚੋਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਗਠਿਤ ਚੋਣ-ਕਮੇਟੀ ਦੁਆਰਾ ਕੀਤੀ ਜਾਵੇਗੀ।

ਅ. ਇਸ ਅਸਾਮੀ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵਿਦਿਆ ਕਮੇਟੀ ਵਾਲੇ ਸਾਰੇ ਨਿਯਮ ਲਾਗੂ ਹੋਣਗੇ।

ੲ. ਪ੍ਰਬੰਧਕਾਂ ਪਾਸ ਇੰਟਰਵਿਊ ਰੱਖਣ/ਰੱਦ ਕਰਨ ਦੇ ਅਧਿਕਾਰ ਰਾਖਵੇਂ ਹੋਣਗੇ।

### ਤਨਖਾਹ, ਭੱਤੇ ਅਤੇ ਹੋਰ ਸਹੂਲਤਾਂ ਆਦਿ:-

ੳ. ਡਾਇਰੈਕਟਰ ਸਿੱਖਿਆ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਯਤ ਕੀਤੇ ਗ੍ਰੇਡ, ਭੱਤੇ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਣਗੀਆਂ।

ਅ. ਡਾਇਰੈਕਟਰ ਸਿੱਖਿਆ ਦੀ ਨਿਯੁਕਤੀ ਮੁੱਢਲੇ ਤੌਰ 'ਤੇ ਤਿੰਨ ਸਾਲ ਲਈ ਹੋਵੇਗੀ, ਜਿਸ ਦਾ ਕਾਰਜਕਾਲ ਪੰਜ ਸਾਲ ਤੱਕ ਵਧਾਇਆ ਜਾ ਸਕਦਾ ਹੈ। ਇਸ ਸਮੇਂ ਤੋਂ ਵੱਧ ਵਾਧੇ ਲਈ ਸੰਬੰਧਿਤ ਦੇ ਕਾਰਜ-ਕਾਲ ਦੇ ਦੌਰਾਨ ਉਸਦੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ ਪੁਨਰ-ਨਿਯੁਕਤੀ ਦੀ ਵਿਵਸਥਾ ਹੋਵੇਗੀ।

ੲ. ਇਸ ਨਿਯੁਕਤੀ ਦੌਰਾਨ ਕੰਮ ਅਤੇ ਆਚਰਣ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ। ਕੰਮ ਜਾਂ ਆਚਰਣ ਠੀਕ ਨਾ ਹੋਣ ਦੀ ਸੂਰਤ ਵਿੱਚ ਬਗੈਰ ਅਗਾਊਂ ਨੋਟਿਸ ਦਿੱਤੇ ਇੱਕ ਮਹੀਨੇ ਦੀ ਵਾਧੂ ਤਨਖਾਹ ਦੇ ਕੇ ਸੇਵਾਮੁਕਤ ਕੀਤਾ ਜਾ ਸਕਦਾ ਹੈ।